# ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।

ਨੰ ਅਮਲਾ/ਸਅ-6/ਐਫ ਨੰ 473/2017/19830-867 ਮਿਤੀ 04/5/17

ਸੇਵਾ ਵਿਖੇ,

1. ਮੁੱਖ ਵਿਜੀਲੈਸ ਅਫਸਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ
2. ਮੁੱਖ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ, ਜਲੰਧਰ ਅਤੇ ਲੁਧਿਆਣਾ।
3. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਮਾਰਫਤ ਮੁੱਖ ਕਾਰਜਕਾਰੀ ਅਫਸਰ, ਪੰਜਾਬ ਬਿਊਰੋ ਆਫ
ਇੰਨਵੈਸਟਮੈਂਟ ਪ੍ਰੋਮੋਸ਼ਨ,ਉਦਯੋਗ ਭਵਨ, ਸੈਕਟਰ-17
ਚੰਡੀਗੜ੍ਹ।
4. ਸੀਨੀਅਰ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
(ਹੈਡ/ਕੁਆਟਰ-1,2), ਜੋਨਲ ਦਫਤਰ,1-2,ਪਟਿਆਲਾ
1,2,ਲੁਧਿਆਣਾ/ਅੰਮ੍ਰਿਤਸਰ/ਜਲੰਧਰ/ਬਠਿੰਡਾ/
ਪੀਬੀਆਈਪੀ, ਚੰਡੀਗੜ।
5. ਸਪੈਸ਼ਲ ਸਕੱਤਰ,
(ਜਰਨਲ ਅਤੇ ਪਲਾਨਿੰਗ),
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਮੋਹਾਲੀ।
6. ਸੀਨੀਅਰ ਵਿਗਿਆਨਕ ਅਫਸਰ/(ਐਚ ਡਬਲਿਯੂ.ਐਮ)
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
7. ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, 1/2/3/4, ਲੁਧਿਆਣਾ/ ਪਟਿਆਲਾ
ਜਲੰਧਰ/ਹੁਸ਼ਿਆਰਪੁਰ/ਸ੍ਰੀ ਫਤਿਹਗੜ੍ਹ ਸਾਹਿਬ ਜੀ/
ਸ੍ਰੀ ਅੰਮ੍ਰਿਤਸਰ ਸਾਹਿਬ/ਬਠਿੰਡਾ/ ਸੰਗਰੂਰ/ਬਟਾਲਾ
ਫਰੀਦਕੋਟ ਅਤੇ ਮੋਹਾਲੀ।
8. ਵਾਤਾਵਰਣ,ਇੰਜੀਨੀਅਰ(ਉਸਾਰੀ/ਸੀ.ਐਸ.ਏ/
ਸੀਆ/ਐਚ.ਡਬਲਿਊ ਐਮ/
ਆਰ ਟੀ ਆਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
9. ਵਿਗਿਆਨਕ ਅਫਸਰ(ਹਵਾ/ਪਾਣੀ)
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ),
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
11. ਸੀਨੀਅਰ ਕਾਨੂੰਨੀ ਅਫਸਰ-1/2,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
12. ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪੀਬੀਆਈਪੀ, ਚੰਡੀਗੜ।

ਵਿਸ਼ਾ:- **ਬੋਰਡ ਵਿੱਚ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2016-17 (ਮਿਤੀ 1/4/2016 ਤੋਂ 31/3/2017 ਤੱਕ) ਪ੍ਰਾਪਰਟੀ ਰਿਟਰਨਾਂ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ 1966 ਅਧੀਨ ਸਰਕਾਰ ਵਲੋ ਸਮੇ ਸਮੇ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਗਰੁਪ ਏ ਅਤੇ ਗਰੁਪ ਬੀ ਅਧਿਕਾਰੀਆਂ/ਕਰਮਚਾਰੀਆਂ ਵਲੋ ਪ੍ਰਾਪਰਟੀ ਰਿਟਰਨਾਂ ਹਰ ਸਾਲ ਭਰੀਆਂ ਜਾਣੀਆਂ ਹੁੰਦੀਆਂ ਹਨ।

ਇਸ ਸਬੰਧ ਵਿਚ ਸਰਕਾਰ ਨੇ ਆਪਣੇ ਮੀਮੋ ਨੰ 10/79/2017/ਸਤਵ(5) 963792/1 ਮਿਤੀ 27-4-2017 ਰਾਹੀ ਪ੍ਰਸੋਨਲ ਵਿਭਾਗ ਵਲੋ ਪ੍ਰਾਪਤ ਪੱਤਰ ਨੰ 4/05/2014-2 ਪੀਪੀ 2/ 955073/2 ਮਿਤੀ 12-4-2017 ਦੀ ਕਾਪੀ ਭੇਜਦੇ ਹੋਏ ਲਿਖਿਆ ਹੈ ਕਿ ਸਾਰੇ ਗਰੁਪ ਏ ਅਧਿਕਾਰੀਆਂ ਦੀ ਸਾਲ 2016-17 ਦੀ **"ਅਚਲ"** ਸਪੰਤੀ ਰਿਟਰਨ ਨਾਲ ਨੱਥੀ ਪ੍ਰਫਾਰਮੇ ਵਿਚ ਭਰ ਕੇ ਮਿਤੀ 30-4-2017 ਤਕ ਭੇਜਣੀ ਯਕੀਨੀ ਬਣਾਈ ਜਾਵੇ।

ਆਪ ਜੀ ਨੂੰ ਸਰਕਾਰ ਵਲੋਂ ਪ੍ਰਾਪਤ ਪੱਤਰ ਸਮੇਤ ਪ੍ਰਫਾਰਮੇ ਦੀ ਕਾਪੀ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪ ਆਪਣੀ ਅਤੇ ਆਪਣੇ ਅਧੀਨ ਕੰਮ ਕਰ ਰਹੇ ਗਰੁਪ ਏ ਅਤੇ ਬੀ ਅਧਿਕਾਰੀਆਂ/ਕਰਮਚਾਰੀਆਂ ਦੀ ਸਾਲ 2016-17 ਦੀ ਜਾਇਦਾਦ ਰਿਟਰਨਾਂ(ਨੱਥੀ ਪ੍ਰਫਾਰਮੇ ਅਨੁਸਾਰ) ਵਾਪਸੀ ਡਾਕ ਰਾਹੀ ਇਸ ਦਫਤਰ ਨੂੰ ਭੇਜੀਆਂ ਜਾਣ ਤਾਂ ਜੋ ਇਹ ਸਰਕਾਰ ਨੂੰ ਭੇਜੀਆਂ ਜਾ ਸਕਣ।

**ਇਸ ਨੂੰ ਪਰਮ ਅਗੇਤ ਦਿਤੀ ਜਾਵੇ ਜੀ।**

ਮੈਂਬਰ ਸਕੱਤਰ

**ਅਮਲਾ/ਸਅ-6/ਐਫ ਨੰ 473/2017/**19868-70 **ਮਿਤੀ** 04/5/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਲਈ ਭੇਜਿਆ ਜਾਂਦਾ ਹੈ ਜੀ।

1 ਪੀ ਐਸ ਟੂ ਚੇਅਰਮੈਨ/ ਪੀ ਏ ਟੂ ਮੈਬਰ ਸਕੱਤਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ

2 ਵਾਤਾਵਰਣ ਇੰਜੀਨਅਰ(ਕੰਪਿਊਟਰ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸਰਕੂਲਰ ਸਮੇਤ ਪ੍ਰਫਾਰਮੇ ਨੂੰ ਬੋਰਡ ਦੀ ਵੈਬਸਾਈਟ ਤੇ ਪਲੇਸ ਕੀਤਾ ਜਾਵੇ ਜੀ।

ਮੈਂਬਰ ਸਕੱਤਰ

ਪੰਜਾਬ ਸਰਕਾਰ

ਸਾਇੰਸ, ਤੁਕਨੀਕ ਅਤੇ ਵਾਤਾਵਰਣ ਵਿਭਾਗ

(ਸਤਵ ਸ਼ਾਖਾ )

ਨਵੀਂ ਡਾਕ

Do it immediately

ਸੇਵਾ ਵਿਖੇ,

1 ਮੈਂਬਰ ਸਕੱਤਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ ।

2 ਕਾਰਜਕਾਰੀ ਡਾਇਰੈਕਟਰ,
ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ,
ਸੈਕਟਰ 26, ਚੰਡੀਗੜ੍ਹ।

3 ਡਾਇਰੈਕਟਰ ਜਨਰਲ,
ਪੁਸ਼ਪਾ ਗੁਜਰਾਲ ਸਾਇੰਸ ਸਿਟੀ,
ਕਪੂਰਥਲਾ ।

4 ਮੁੱਖ ਕਾਰਜਕਾਰੀ ਅਫਸਰ,
ਪੰਜਾਬ ਬਾਓ ਟੇਕਨਾਲੋਜੀ ਇੰਕੂਬੇਟਰ ,
ਐਸ ਸੀ ਓ 8-, ਫੇਜ਼ 5, ਮੋਹਾਲੀ ।

ਮੀਮੋ ਨੰ :10/79/2017/ ਸਤਵ (5)/963792/1
ਮਿਤੀ, ਚੰਡੀਗੜ੍ਹ- 27/4/17

Sub: **ਰਾਜ ਸਰਕਾਰ ਦੇ ਸਮੂਹ ਕਲਾਸ-1 ਅਫਸਰਾਂ ਦੀਆਂ ਪ੍ਰਾਪਰਟੀ ਰਿਟਰਨਾਂ ਸਬੰਧੀ।**

*****

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-2 ਸ਼ਾਖਾ) ਵਲੋਂ ਪ੍ਰਾਪਤ ਪੱਤਰ ਨੰ:4/05/2014-2ਪੀਪੀ2/955073/2 ਮਿਤੀ 12.04.2017 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਰਕਾਰ ਵਲੋਂ ਜਾਰੀ ਹਦਾਇਤਾਂ, ਨੰ 4/3/2012-2ਪੀਪੀ2/559 ਮਿਤੀ 17.05.2012 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਰਾਹੀਂ ਸਰਾਕਰੀ ਕਰਮਚਾਰੀ ਆਚਰਣ ਨਿਯਮਾਂਵਲੀ 1966 ਦੇ ਨਿਯਮ 18 (1) (ii) ਅਧੀਨ ਹਰੇਕ ਸਰਾਕਰੀ ਕਰਮਚਾਰੀ ਜੋ ਗਰੁੱਪ ਏ ਅਤੇ ਗਰੁੱਪ ਬੀ ਦੀ ਅਸਾਮੀ ਤੇ ਕੰਮ ਕਰ ਰਿਹਾ ਹੈ ਨੂੰ ਹਰ ਵਿੱਤੀ ਸਾਲ ਦੀ ਅਚਲ ਸਾਲਾਨਾ ਪ੍ਰਾਪਰਟੀ ਰਿਟਰਨ, ਹਰ ਸਾਲ ਮਿਤੀ 30 ਅਪ੍ਰੈਲ ਤੱਕ ਨਿਰਧਾਰਿਤ ਅਥਾਰਟੀ ਰਾਹੀਂ ਪੇਸ਼ ਕਰਨ ਦੀ ਵਿਵਸਥਾ ਹੈ।

3. ਅਚੱਲ ਸੰਪਤੀ ਦਾ ਸਬੰਧ ਜਿੱਥੇ ਸਾਂਝੇ ਪਰਿਵਾਰ ਨਾਲ ਹੋਵੇ, ਉਥੇ ਹਿੱਸੇ ਦਾ ਵੇਰਵਾ ਸਪੱਸ਼ਟ ਕਰਨਾ ਹੋਵੇਗਾ। ਇਸ ਲਈ ਆਪਣੇ ਅਧੀਨ ਆਉਂਦੇ ਗਰੁੱਪ ਏ ਅਧਿਕਾਰੀਆਂ ਸਾਲ 2016-17 ਦੀ ਅੱਚਲ ਸੰਪਤੀ ਰਿਟਰਨ ਨਾਲ ਨੱਥੀ ਪ੍ਰੋਫਾਰਮੇ ਵਿਚ ਭਰ ਕੇ ਮਿਤੀ 30.04.17 ਤੱਕ ਇਸ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਅੱਚਲ ਸੰਪਤੀ ਰਿਟਰਨ ਸਾਫ਼ ਸਬਦਾਂ ਵਿਚ ਲਿਖ ਕੇ ਨਿਰਧਾਰਤ ਪ੍ਰੋਫਾਰਮੇ ਵਿਚ ਹੀ ਭੇਜੀ ਜਾਵੇ

ਅਤੇ ਇਸ ਦਾ ਕੋਈ ਕਾਲਮ ਖਾਲੀ ਨਾ ਛੱਡਿਆ ਜਾਵੇ। ਅੱਚਲ ਸੰਪਤੀ ਤੋਂ ਪ੍ਰਾਪਤ ਹੋਣ ਵਾਲੀ ਸਲਾਨਾ ਆਮਦਨ ਕਾਲਮ-12 ਵਿਚ ਸਪੱਸ਼ਟ ਤੌਰ ਤੇ ਦਰਸਾਈ ਜਾਵੇ। ਅਧੂਰੇ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ।

4. ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਰਾਜ ਸਰਕਾਰ ਦੇ ਸਮੂਹ ਕਲਾਸ-1 ਅਫਸਰਾਂ ਦੀਆ ਪ੍ਰਾਪਰਟੀ ਰਿਟਰਨ ਹਰੇਕ ਸਾਲ ਪੰਜਾਬ ਵਿਧਾਨ ਸਭਾ ਅੱਗੇ ਪੇਸ਼ ਕੀਤੀਆਂ ਜਾਣੀਆਂ ਹਨ। ਇਸ ਲਈ ਕਲਾਸ-1 (ਗਰੁੱਪ ਏ) ਅਫਸਰਾਂ ਦੀ ਪ੍ਰਾਪਰਟੀ ਰਿਟਰਨ ਹਰੇਕ ਸਾਲ ਪੰਜਾਬ ਵਿਧਾਨ ਸਭਾ ਵਿਖੇ ਪੇਸ਼ ਕਰਨ ਲਈ ਮਿਤੀ 30.04.2017 ਤੱਕ ਹਰ ਹਾਲਤ ਵਿੱਚ ਸਰਕਾਰ ਨੂੰ ਭੇਜੀਆਂ ਜਾਣ।

5 ਉਕਤ ਤੋ ਇਲਾਵਾ ਕਲਾਸ-1(ਗਰੁੱਪ ਏ) ਅਫਸਰਾਂ ਦੀਆਂ ਸਾਲ 2015-16 ਦੀ ਪ੍ਰਾਪਰਟੀ ਰਿਟਰਨਾਂ ਦੀ ਫੋਟੋ ਕਾਪੀ ਵੀ ਸਰਕਾਰ ਨੂੰ ਭੇਜੀ ਜਾਵੇ।

ਸੁਪਰਡੰਟ

ਕੁੱਲ ਸੇਵਾਕਾਲ (Total Service)
ਨਾਨ ਗਜ਼ਟਿਡ
ਗਜ਼ਟਿਡ

ਸਾਲ 2016-2017
ਫਾਰਮ-1

ਰਿਟਾਇਰਮੇਂਟ ਦੀ ਮਿਤੀ
ਮੋਬਾਇਲ ਨੰ
ਕੁੱਲ ਤਨਖਾਹ (Gross income from all sources) as on 31.03.2017

ਨਾਮ ਪਿਤਾ ਦਾ ਨਾਮ ਆਹੁਦਾ ਅਦਾਰੇ ਦਾ ਨਾਮ

| ਲੜੀ ਨੰ | ਜਾਇਦਾਦ ਦਾ ਵੇਰਵਾ | ਸਥਾਨ (ਪਿੰਡ, ਤਹਿਸੀਲ, ਸਬ ਡਵੀਜਨ, ਜਿਲ੍ਹਾਂ, ਜਿਥੇ ਜਾਇਦਾਦਾ ਸਥਿਤ ਹੈ) ਅਤੇ ਇਸ ਦਾ ਨਿਖੜਵਾਂ ਨੰਬਰ ਆਦਿ | ਜਮੀਨ ਅਤੇ ਇਮਾਰਤਾਂ ਦੀ ਸੂਰਤ ਉਚ ਤੌਂ ਦਾ ਰਕਬਾ | ਜਮੀਨ ਦੀ ਕਿਸਮ (ਜਮੀਨ ਜਾਇਦਾਦ ਦੀ ਸੂਰਤ ਵਿੱਚ) | ਹਿੱਤ ਦੀ ਹੱਦ / (Extent of interest) | ਜੇਕਰ ਆਪਣੇ ਨਾਮ ਤੇ ਨਾ ਹੋਵੇ ਤਾਂ ਇਹ ਦੱਸੋ ਕਿ ਕਿਸਦੇ ਨਾਮ ਤੇ ਰੱਖੀ ਹੈ ਅਤੇ ਸਰਕਾਰੀ ਕਰਚਮਾਰੀ ਨਾਲ ਉਸਦਾ ਰਿਸ਼ਤਾ (ਸਬੰਧ) ਜੇਕਰ ਕੋਈ ਹੋਵੇ | ਪ੍ਰਾਪਤ ਕਰਨ ਦੀ ਮਿਤੀ | ਕਿਸ ਤਰ੍ਹਾਂ ਪ੍ਰਾਪਤ ਕੀਤੀ ? ਕੀ ਖਰੀਦ, ਰਹਿਣ (mortgage) ਪਟੇ ਤੇ (lease), ਵਿਰਾਸਤ ਤੋਂ ਹਿੱਸਾ (gift) ਜਾਂ ਹੋਰ ਤਰੀਕੇ ਰਾਹੀਂ ਪ੍ਰਾਪਤ ਕੀਤੀ, ਉਸ ਦਾ ਨਾਂ ਵੇਰਵਿਆਂ ਸਮੇਤ (ਸਰਕਾਰੀ ਕਰਮਦਾਰੀ ਦਾ ਪਤਾ ਅਤੇ ਸਬੰਧਤ ਜੇਕਰ ਕੋਈ ਅਜਿਹੇ ਵਿਅਕਤੀ/ ਵਿਅਕਤੀਆਂ ਨਾਲ ਹੋਵੇ) (ਕਿਰਪਾ ਕਰਕੇ ਨੋਟ 1) | ਜਾਇਦਾਦ ਦੀ ਕੀਮਤ (ਨੋਟ ਨੰ 2 ਵੇਖੋ) | ਨਿਰਧਾਰਤ ਅਥਾਰਟੀ ਦੀ ਮੰਨਜ਼ੂਰੀ ਦੇ ਵੇਰਵੇ | ਜਾਇਦਾਦ ਤੇ ਕੁੱਲ ਸਲਾਨਾ ਆਮਦਨ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |

Declaration : I hereby declare that the return is completed, true and correct as on ____________ to the best of my knowledge and belief, in respect of information due to be furnished by me under the provision of sub-rule (1) of rule 18 of the Punjab Government Employees (Conduct) Rules, 1966

ਮਿਤੀ

ਹਸਤਾਖਰ

ਨੋਟ ਃ 1) ਖਾਨਾ 9 ਦੇ ਮੰਤਵ ਲਈ ਧਾਰਨਾ "ਪਟੇ" ਦਾ ਭਾਵ ਸਾਲ ਜਾਂ ਇੱਕ ਸਾਲ ਤੋਂ ਉਪਰਲੀ ਮਿਆਦ ਲਈ ਅਚੱਲ ਸੰਪਤੀ ਦਾ ਪਟੇ ਤੇ ਦੇਣਾ ਜਾਂ ਸਾਲਾਨਾ ਕਿਰਾਏ ਤੇ ਰਾਖਵਾਂ ਕਰਨ ਤੋਂ ਹੋਵੇਗਾ। ਐਪਤ, ਜਿਥੇ ਅਚੱਲ ਸੰਪਤੀ ਦਾ ਪਟਾ ਸਰਕਾਰੀ ਕਰਮਚਾਰੀ ਨਾਲ ਸਰਕਾਰੀ ਕਾਰੋਬਾਰ ਕਰਨ ਵਾਲੇ ਕਿਸੇ ਵਿਅਕਤੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਉੱਥੇ ਅਜਿਹੇ ਪਟੇ ਨੂੰ, ਪੱਟੇ ਦੀ ਇਸ ਮਿਆਦ ਦੇ ਹੁੰਦੇ ਹੋਏ ਕਿ ਇਹ ਅਲਪਕਾਲੀ ਹੈ ਜਾਂ ਦੀਰਘਕਾਲੀ ਹੈ ਅਤੇ ਕਿਰਾਏ ਦੇ ਭਗਤਾਨ ਦੀ ਮਿਆਦ ਵੀ ਇਸ ਖਾਨੇ ਵਿੱਚ ਦਰਸਾਏ ਜਾਵੇ।

2) ਖਾਨਾ 10 ਵਿੱਚ ਨਿਮਨ ਦਰਸਾਇਆ ਜਾਵੇ.।

ੳ) ਜਿਥੇ ਇਹ ਜਾਇਦਾਦ ਖਰੀਦ ਕੇ ਰਹਿਣ ਤੇ ਪਟੇ ਤੇ ਪ੍ਰਾਪਤ ਕੀਤੀ ਗਈ ਹੈ ਅਜਹੀ ਪ੍ਰਾਪਤੀ ਲਈ ਅਦਾ ਕੀਤੀ ਗਈ ਕੀਮਤ ਜਾਂ ਅਧਿਕ ਮੁੱਲ (premium)

ਅ) ਜਿਥੇ ਇਹ ਪਟੇ ਤੇ ਲੈ ਕੇ ਪ੍ਰਾਪਤ ਕੀਤੀ ਗਈ, ਉਸ ਦਾ ਕੁੱਲ ਸਲਾਨਾ ਕਿਰਾਇਆ ਵੀ, ਅਤੇ

ੲ) ਜਿਥੇ ਪ੍ਰਾਪਤੀ ਵਿਰਾਸਤ ਚ ਤੋਹਫੇ ਚ ਜਾਂ ਅਦਲਾ-ਬਦਲੀ (ਐਕਸਚੇਂਜ) ਪ੍ਰਾਪਤ ਕੀਤੀ ਗਈ ਹੈ, ਅਜਿਹੀ ਪ੍ਰਾਪਤ ਕੀਤੀ ਸੰਪਤੀ ਦੀ ਅੰਦਾਜਨ ਕੀਮਤ।